# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਅਲਵਿਦਾ ਫ਼ਿਰਾਊਨ !




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Lyn Doerksen



ਕਹਾਣੀ 11 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi



ਫ਼ਿਰਾਊਨ ਗੁੱਸੇ ਸੀ ! ਪਰਮੇਸ਼ਵਰ ਨੇ ਮੂਸਾ ਦੇ ਦੁਆਰਾ ਉਸ ਨੂੰ ਹੁਕਮ ਦਿੱਤਾ ਕੀ ਇਸਰਾਈਲੀ ਗੁਲਾਮਾਂ ਨੂੰ ਮਿਸਰ ਛੱਡ ਕੇ ਜਾਣ ਦੇ। ਉਸਨੇ ਮਨਾ ਕਰ ਦਿੱਤਾ।

1



“ਉਹਨਾਂ ਨੂੰ ਸਖਤ ਮਿਹਨਤ ਕਰਨ ਦਿਉ”, ਫ਼ਿਰਾਊਨ ਨੇ ਆਪਣੇ ਗੁਲਾਮ ਮਾਸਟਰਾਂ ਨੂੰ ਆਖਿਆ। ਹੁਣ ਇਸਰਾਈਲੀਆਂ ਲਈ ਸਮਾਂ ਹੋਰ ਵੀ ਬਦਤਰ ਹੋ ਗਿਆ ਸੀ।

2


“ਆਪਣੇ ਲਈ ਆਪ ਤੂੜੀ ਇਕੱਠੀ ਕਰੋ। ਅਸੀ ਹੁਣ ਤੋਂ ਬਾਅਦ ਇਹ ਨਹੀ ਦੇਵਾਂਗੇ। ਪਰ ਉਨ੍ਹੀ ਹੀ ਗਿਣਤੀ ਦੀ ਇੱਟ ਬਣਾਉਣੀ ਹੋਵੇਗੀ।” ਉਹ ਫ਼ਿਰਾਊਨ ਦੇ ਨਵੇਂ ਹੁਕਮ ਸਨ।
3
ਫੋਰਮੈਨ ਨੇ ਕੁਝ ਗੁਲਾਮਾਂ ਦੇ ਕੋਹੜੇ ਮਾਰੇ ਕਿਉਂਕਿ ਉਹਨਾਂ ਕੋਲ ਤੂੜੀ ਇਕੱਠੀ ਕਰਨ ਦਾ ਸਮਾਂ ਨਹੀ ਸੀ ਅਤੇ ਹੁਣ ਵੀ ਬਹੁਤ ਇੱਟਾਂ ਬਣਾਉਣੀਆਂ ਸਨ।
4
ਲੋਕਾਂ ਨੇ ਮੂਸਾ ਅਤੇ ਹਾਰੂਨ ਤੇ ਉਹਨਾਂ ਦੇ ਕਸ਼ਟ ਲਈ ਦੋਸ਼ ਲਾਇਆ। ਮੂਸਾ ਨੇ ਪ੍ਰਾਥਨਾਂ ਕਰਨ ਲਈ ਜੁਗਾ ਲੱਭੀ।
5
“ਹੇ ਪ੍ਰਭੂ,” ਉਹ ਰੋਇਆ, “ਤੈਂ ਹਾਲੇ ਤੱਕ ਆਪਣੇ ਲੋਕਾਂ ਨੂੰ ਨਹੀ ਛੁਡਾਇਆ।” ਪਰਮੇਸ਼ਵਰ ਨੇ ਉੱਤਰ ਦਿੱਤਾ, “ਮੈਂ ਯਹੋਵਾ ਹਾਂ,
ਅਤੇ ਤੁਹਾਨੂੰ ਬਾਹਰ ਲਿਆਵਾਂਗਾ।”
6
ਤਦ ਪਰਮੇਸ਼ਵਰ ਨੇ ਮੂਸਾ ਅਤੇ ਹਾਰੂਨ ਨੂੰ ਵਾਪਸ ਫ਼ਿਰਾਊਨ ਦੇ ਕੋਲ ਘੱਲਿਆ। ਜਦ ਸ਼ਕਤੀਸ਼ਾਲੀ ਸ਼ਾਸਕ ਨੇ ਪਰਮੇਸ਼ਵਰ ਦੇ ਦਾਸ ਕੋਲੋਂ ਪਰਮੇਸ਼ਵਰ ਦੁਆਰਾ ਦਿੱਤੇ ਹੋਏ ਚਿ੍ਨ ਦੇ ਬਾਰੇ ਪੁੱਛਿਆ,
ਹਾਰੂਨ ਦੀ ਲਾਠੀ ਇੱਕ ਖਤਰਨਾਕ ਸੱਪ ਵਿੱਚ ਬਦਲ ਗਈ।
7
“ਮੇਰੇ ਜਾਦੂਗਰਾਂ ਨੂੰ ਬੁਲਾਉ,” ਫ਼ਿਰਾਊਨ ਗੱਜਿਆ। ਜਦ ਮਿਸਰੀ ਜਾਦੂਗਰਾ ਨੇ ਆਪਣੀਆਂ ਲਾਠੀਆਂ ਸਿੱਟੀਆਂ, ਹਰ ਲਾਠੀ ਵੀ ਸੱਪ ਬਣ ਗਈ।
8

ਪਰ ਹਰੂਨ ਦੀ ਲਾਠੀ ਬਾਕੀਆਂ ਨੂੰ ਨਿਗਲ ਗਈ। ਅਜੇ ਵੀ, ਫ਼ਿਰਾਊਨ ਨੇ ਲੋਕਾਂ ਨੂੰ ਭੇਜਣ ਤੋਂ ਇਨਕਾਰ ਕਰ ਦਿੱਤਾ।



9

ਅਗਲੀ ਸਵੇਰ ਮੂਸਾ ਅਤੇ ਹਾਰੂਨ ਫ਼ਿਰਾਊਨ ਨੂੰ ਝੀਲ ਤੇ ਮਿਲੇ। ਜਦ ਹਾਰੂਨ ਨੇ ਆਪਣੀ ਲਾਠੀ ਨੂੰ ਆਯੋਜਿਤ ਕੀਤਾ, ਪਰਮੇਸ਼ਵਰ ਨੇ ਪਾਣੀ ਨੂੰ ਲ਼ਹੂ ਵਿੱਚ ਬਦਲ ਦਿੱਤਾ।



10

ਮੱਛੀਆਂ ਮਰ ਗਈਆਂ! ਲ਼ੋਕ ਉਸ ਪਾਣੀ ਨੂੰ ਨਹੀ ਪੀ ਸਕਦੇ ਸਨ।



11

ਪਰ ਫ਼ਿਰਾਊਨ ਨੇ ਆਪਣੇ ਮਨ ਨੂੰ ਸਖਤ ਕੀਤਾ। ਉਹ ਇਸਰਾਈਲੀਆਂ ਨੂੰ ਮਿਸਰ ਵਿੱਚੋਂ ਜਾਣ ਨਹੀ ਦੇਵੇਗਾ।



12



ਫਿਰ ਮੂਸਾ ਨੇ ਫ਼ਿਰਾਊਨ ਨੂੰ ਪਰਮੇਸ਼ਵਰ ਦੇ ਲੋਕਾਂ ਨੂੰ ਭੇਜਣ ਲਈ ਕਿਹਾ। ਫ਼ਿਰਾਊਨ ਨੇ ਫਿਰ ਮਨਾ ਕਰ ਦਿੱਤਾ। ਪਰਮੇਸ਼ਵਰ ਨੇ ਹੋਰ ਬਵਾ ਨੂੰ ਭੇਜਿਆ। ਸਾਰਾ ਮਿਸਰ ਡੱਡੂਆਂ ਨਾਲ ਭਰ ਗਿਆ। ਹਰ ਘਰ ਵਿੱਚ, ਹਰ ਕਮਰੇ ਵਿੱਚ, ਇੱਥੋਂ ਤੱਕ ਖਾਣਾ ਬਣਾਉਣ ਵਾਲੇ ਬਰਤਨਾਂ ਦੇ ਉੱਤੇ ਵੀ ਡੱਡੂ ਭੱਜ ਰਹੇ ਸਨ!

13



“ਮੇਰੇ ਲਈ ਪ੍ਰਾਥਨਾਂ ਕਰ, ਤਾਂ ਜੋ ਪਰਮੇਸ਼ਵਰ ਇਹਨਾਂ ਡੱਡੂਆਂ ਨੂੰ ਹਟਾ ਦੇਵੇਗਾ,” ਫ਼ਿਰਾਊਨ ਨੇ ਬੇਨਤੀ ਕੀਤੀ। “ਅਤੇ ਮੈਂ ਤੇਰੇ ਲੋਕਾਂ ਨੂੰ ਜਾਣ ਦੇਵਾਂਗਾ।” ਪਰ, ਜਦ ਡੱਡੂ ਚਲੇ ਗਏ, ਫ਼ਿਰਾਊਨ ਨੇ ਆਪਣਾ ਮਨ ਬਦਲ ਲਿਆ। ਉਹ ਗੁਲਾਮਾਂ ਨੂੰ ਆਜਾਦ ਨਹੀ ਕਰੇਗਾ।

14


ਤਦ ਪਰਮੇਸ਼ਵਰ ਨੇ ਅਰਬਾਂ ਛੋਟੇ ਕੀੜੇ ਭੇਜੇ ਜਿਹਨਾਂ ਨੂੰ ਜੂੰ ਕਹਿੰਦੇ ਹਨ। ਹਰ ਮਨੁੱਖ ਅਤੇ ਜਾਨਵਰ ਆਪਣੇ ਦੰਦਾਂ ਨਾਲ ਖੁਰਕਨ ਲੱਗੇ, ਪਰ ਫ਼ਿਰਾਊਨ ਨੇ ਆਪਣਾ ਆਪ ਪਰਮੇਸ਼ਵਰ ਨੂੰ ਨਾ ਦਿੱਤਾ।
15


ਅਗਲੀ ਵਾਰ ਪਰਮੇਸ਼ਵਰ ਨੇ ਮੱਖੀਆਂ ਦੇ ਝੁੰਡ ਨੂੰ ਉਹਨਾਂ ਕੋਲ ਭੇਜਿਆ। ਪਰਮੇਸ਼ਵਰ ਨੇ ਮਿਸਰੀਆਂ ਦੇ ਜਾਨਵਰਾਂ ਨੂੰ ਮਾਰਨ ਲਈ ਬਿਮਾਰੀਆਂ ਘੱਲੀਆਂ।
16


ਪਰਮੇਸ਼ਵਰ ਨੇ ਦਰਦ ਭਰੇ ਫੋੜੇ ਭੇਜੇ। ਲੋਕ ਭਿਆਨਕ ਤਰੀਕੇ ਨਾਲ ਮੁਸ਼ਕਲ ਵਿੱਚ ਸਨ। ਤਦ ਵੀ ਫ਼ਿਰਾਊਨ ਨੇ ਪਰਮੇਸ਼ਵਰ ਦਾ ਵਿਰੋਧ ਕੀਤਾ।
17


ਫੋੜਿਆਂ ਦੀ ਬਵਾ ਦੇ ਬਾਅਦ, ਪਰਮੇਸ਼ਵਰ ਨੇ ਟਿੱਡੀਆਂ ਦੇ ਝੁੰਡ ਨੂੰ ਘੱਲਿਆ। ਟਿੱਡੀਆਂ ਨੇ ਮੈਦਾਨ ਦੇ ਸਾਰੇ ਹਰੇ ਬੂਟਿਆਂ ਨੂੰ ਖਾ ਲਿਆ।
18


ਤਦ ਪਰਮੇਸ਼ਵਰ ਨੇ ਪੂਰੇ ਤਿੰਨ ਦਿਨ ਤੱਕ ਹਨੇਰਾ ਭੇਜਿਆ। ਪਰ ਹਠੀਲੇ ਫ਼ਿਰਾਊਨ ਨੇ ਇਸਰਾਈਲੀਆਂ ਨੂੰ ਆਜਾਦ ਨਾ ਕੀਤਾ।
19


ਪਰਮੇਸ਼ਵਰ ਨੇ ਚੇਤਾਵਨੀ ਦਿੱਤੀ, “ਮੈਂ ਇੱਕ ਹੋਰ ਬਵਾ ਭੇਜਾਂਗਾ। ਅੱਧੀ ਰਾਤ ਦੇ ਵੇਲੇ, ਮਨੁੱਖਾਂ ਅਤੇ ਜਾਨਵਰਾਂ ਦੇ ਸਾਰੇ ਪਹਿਲੋਠੇ ਮਾਰੇ ਜਾਣਗੇ।” ਪਰਮੇਸ਼ਵਰ ਨੇ ਇਸਰਾਈਲੀਆਂ ਨੂੰ ਕਿਹਾ ਕੀ ਤੁਹਾਡੇ ਪਹਿਲੋਠੇ ਬਚ ਜਾਣਗੇ ਜੇਕਰ ਤੁਸੀ ਮੇਮਨੇ ਦੇ ਲ਼ਹੂ ਨੂੰ ਆਪਣੀਆਂ ਚੌਗਾਠਾ ਤੇ ਲਾਉਗੇ।
20


ਅੱਧੀ ਰਾਤ ਨੂੰ, ਇੱਕ ਬਹੁਤ
ਵੱਡਾ ਵਰਲਾਪ ਮਿਸਰ ਵਿੱਚ
ਹੋਇਆ। ਮੌਤ ਨੇ ਮਾਰ
ਦਿੱਤਾ। ਹਰ ਘਰ ਵਿੱਚ
ਇੱਕ ਆਦਮੀ ਮਰ
ਗਿਆ ਸੀ।
21


ਫ਼ਿਰਾਊਨ ਨੇ ਮੂਸਾ ਤੋਂ ਭੀਖ
ਮੰਗੀ, “ਚਲੇ ਜਾਉ,” “ਜਾਉ,
ਪਰਮੇਸ਼ਵਰ ਦੀ ਸੇਵਾ ਕਰੋ।”
ਜਲਦ ਹੀ, ਪਰਮੇਸ਼ਵਰ ਦੇ
ਲੋਕ ਮਿਸਰ ਦੀ ਸੀਮਾ
ਤੋਂ ਪਰੇ ਸਨ।
22


ਪਰਮੇਸ਼ਵਰ ਨੇ ਮੂਸਾ ਨੂੰ ਫ਼ਸਹ ਦੀ ਰਾਤ
ਨੂੰ ਯਾਦ ਰੱਖਣ ਲਈ ਕਿਹਾ ਕਿਉਂਕਿ ਪਰਮੇਸ਼ਵਰ
ਦੇ ਦੂਤ ਨੇ ਇਸਾਰਏਲੀਆਂ ਦੇ ਘਰਾਂ ਨੂੰ ਛੱਡ ਦਿੱਤਾ
ਅਤੇ ਫ਼ਿਰਾਊਨ ਅਤੇ ਉਸਦੇ ਲੋਕਾਂ ਨੂੰ ਮਾਰਿਆ।
23


ਚਾਰ ਸੌ ਤੀਹ ਸਾਲਾਂ ਤੋਂ ਬਾਅਦ ਮਿਸਰ
ਵਿੱਚ ਪਰਮੇਸ਼ਵਰ ਦੇ ਲੋਕ ਹੁਣ ਆਜਾਦ
ਸਨ। ਪਰਮੇਸ਼ਵਰ ਨੇ ਦਿਨ ਵਿੱਚ ਬੱਦਲ
ਦੇ ਖੰਭੇ ਅਤੇ ਰਾਤ ਨੂੰ ਅੱਗ ਦੇ ਖੰਭੇ
ਨਾਲ ਉਹਨਾਂ ਦੀ ਅਗਵਾਈ ਕੀਤੀ।
24


ਪਰ ਫ਼ਿਰਾਊਨ
ਇਸਰਾਈਲੀਆਂ ਨਾਲੋਂ
ਟੁਟਿਆ ਨਹੀ ਸੀ।
ਫਿਰ ਉਹ ਪਰਮੇਸ਼ਵਰ
ਨੂੰ ਭੁੱਲ ਗਿਆ। ਫਿਰ
ਉਸਨੇ ਆਪਣਾ ਮਨ
ਬਦਲ ਲਿਆ।
25


ਆਪਣੀ ਸੈਨਾ ਨੂੰ
ਇਕੱਠਾ ਕਰ ਕੇ ਉਹ
ਗੁਲਾਮਾਂ ਦੇ ਪਿੱਛੇ
ਗਿਆ। ਜਲਦ ਹੀ,
ਉਸਨੇ ਉਹਨਾਂ ਨੂੰ
ਸਮੁੰਦਰ ਅਤੇ ਚਟਾਨਾਂ
ਵਿੱਚ ਘੇਰ ਲਿਆ।
26













ਅਲਵਿਦਾ ਫ਼ਿਰਾਊਨ!

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਕੂਚ ਦੀ ਕਿਤਾਬ 4-15

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।